PUNJAB STATE TRANSMISSION CORPORATION LIMITED

ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਿਡ

ਦਫਤਰ: ਉਪ ਮੁੱਖ ਇੰਜੀ/ਐੱਚ.ਆਰ.ਐਡਮਿਨ,ਟ੍ਰੇਨਿੰਗ ਸ਼ੈਲ,ਸ਼ਕਤੀ ਸਦਨ, ਪਟਿਆਲਾ

ਫ਼ੋਨ ਨੰ. 0175-2921788 e-mail id-ase-training@pstcl.org

**ਲਿਮਿਟਡ ਟੈਂਡਰ 09 /TC/PSTCL/2024-25** **Dated : 25/10/2024**

**ਵਿਸ਼ਾ: ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਿਟਿਡ ਦੀ ਵਿਭਾਗੀ ਲੇਖਾ ਪ੍ਰੀਖਿਆ 2024 (ਦੂਜਾ ਸੈਸ਼ਨ) ਸਬੰਧੀ।**

ਵਿਸ਼ਾ ਦਰਜ ਵਿਭਾਗੀ ਲੇਖਾ ਪ੍ਰੀਖਿਆ 2024 (ਦੂਜਾ ਸੈਸ਼ਨ) ਪਟਿਆਲਾ ਵਿਖੇ ਕਰਵਾਈ ਜਾਣੀ ਹੈ। ਵਿਭਾਗੀ ਪ੍ਰੀਖਿਆ ਲਈ ਸਕੂਲ ਵਿੱਚ ਸੈਂਟਰ ਸਥਾਪਤ ਕਰਨ ਦੀ ਲੋੜ ਹੈ। ਇਨ੍ਹਾਂ ਸੈਂਟਰਾਂ ਲਈ ਲੋੜੀਂਦੇ ਕਮਰੇ, ਇਨਵਿਜੀਲੇਟਰ, ਸੇਵਾਦਾਰ ਅਤੇ ਬਾਕੀ ਲੋੜੀਂਦਾ ਸਟਾਫ, ਬਿਜਲੀ, ਪਾਣੀ, ਜਨਰੇਟਰ, ਉਮੀਦਵਾਰਾਂ ਅਤੇ ਅਧਿਕਾਰੀਆਂ ਦੇ ਬੈਠਣ ਲਈ ਫਰਨੀਚਰ ਸਕੂਲ ਵਲੋ ਮੁਹੱਈਆ ਕਰਵਾਉਣਾ ਹੋਵੇਗਾ। ਉਮੀਦਵਾਰਾਂ ਦੇ ਬੈਠਣ ਲਈ ਕਮਰੇ ਅਤੇ ਬੈਂਚਾਂ ਦੀ ਸਾਫ਼-ਸਫ਼ਾਈ ਦਾ ਉਚਿਤ ਧਿਆਨ ਵੀ ਰੱਖਣਾ ਹੋਵੇਗਾ।

ਸਕੂਲ ਨੂੰ ਕੀਤੀ ਜਾਣ ਵਾਲੀ ਅਦਾਇਗੀ ਵਿਚੋ ਜੀ.ਐਸ.ਟੀ. ਦੇ ਪ੍ਰਚਲਤ ਰੇਟ ਅਨੁਸਾਰ ਰਕਮ ਦੀ ਕਟੌਤੀ ਪੀ.ਐਸ.ਟੀ.ਸੀ.ਐਲ ਵਲੋ ਕੀਤੀ ਜਾਵੇਗੀ। ਜੇਕਰ ਆਪ ਉਕਤ ਪ੍ਰੀਖਿਆ ਲਈ ਆਪਣੇ ਸਕੂਲ ਵਿੱਚ 4-5 ਲੜੀਵਾਰ ਦਿਨ ਸੈਂਟਰ ਸਥਾਪਤ ਕਰਵਾ ਸਕਦੇ ਹੋ ਤਾਂ ਪ੍ਰਤੀ ਉਮੀਦਵਾਰ ਪ੍ਰਤੀ ਦਿਨ ਦੇ ਹਿਸਾਬ ਨਾਲ ਆਪਣੇ ਸਕੂਲ ਦੀ ਕੁਟੇਸ਼ਨ ਬਣਵਾ ਕੇ ਕੁਲ ਖਰਚਾ ਕਿੰਨਾ ਹੋਵੇਗਾ ਲਿਖਤੀ ਰੂਪ ਵਿੱਚ ਭੇਜਿਆ ਜਾਵੇ ਤਾਂ ਜੋ ਇਸ ਸਬੰਧ ਵਿੱਚ ਉਚ ਅਧਿਕਾਰੀਆਂ ਦੀ ਪ੍ਰਵਾਨਗੀ ਲੈਣ ਲਈ ਅਗਲੇਰੀ ਕਾਰਵਾਈ ਕੀਤੀ ਜਾ ਸਕੇ।

ਵਿਭਾਗੀ ਲੇਖਾ ਪ੍ਰੀਖਿਆ ਦੇ ਪ੍ਰੀਖਿਆਰਥੀਆਂ ਦਾ ਸ਼ਡਿਊਲ/ਵੇਰਵਾ ਸਮੱਰਥ ਅਧਿਕਾਰੀ ਤੋਂ ਪ੍ਰਵਾਨਗੀ ਉਪਰੰਤ ਆਪ ਜੀ ਨੂੰ ਸੂਚਿਤ ਕਰ ਦਿੱਤਾ ਜਾਵੇਗਾ ਜੀ।

25/10/24

ਵਧੀਕ ਨਿਗਰਾਨ ਇੰਜੀ: ਟਰੇਨਿੰਗ ਸੈਲ
ਪੀ.ਐਸ.ਟੀ.ਸੀ.ਐਲ, ਪਟਿਆਲਾ

ਨੋਟ: ਕੁਟੇਸ਼ਨਾਂ ਵਧੀਕ ਨਿਗਰਾਨ ਇੰਜੀ: ਟਰੇਨਿੰਗ ਸੈਲ, ਸ਼ਕਤੀ ਸਦਨ, ਪੀ.ਐਸ.ਟੀ.ਸੀ.ਐਲ, ਪਟਿਆਲਾ ਦੇ ਦਫ਼ਤਰ ਵਿਖੇ ਮਿਤੀ 11.11.2024 (ਸੋਮਵਾਰ) ਨੂੰ ਸਵੇਰੇ 11.00 ਵਜੇ ਤੱਕ ਪਹੁੰਚਾਈਆਂ ਜਾਣ ਜੀ। ਇਹ ਕੁਟੇਸ਼ਨਾਂ 11.11.2024 (ਸੋਮਵਾਰ) ਨੂੰ ਸਵੇਰੇ 11.30 ਵਜੇ ਖੋਲੀਆਂ ਜਾਣਗੀਆਂ।

CamScanner